# PRESS COVERAGE

# Awareness Rally by NCC Cadets against Stubble Burning

# 10.05.2022

dainiksaveratimes.com
, बुधवार, 11 मई 2022 3

# पराली न जलाने खिलाफ निकाली रैली



एनसीस व एनएसएस के कैडेट्स रैली में बाग लेते हुए।

## मोदी कालेज के एन.एस.एस और एन.सी.सी. विभागों ने करवाया प्रोग्राम

पटियाला,10 मई (धीर) : मोदी कालेज पटियाला के एन.एस.एस. और एन,सी.सी विभागों की तरफ से आज सरकारी माध्यमिक स्कूल की सहायता के साथ चंदन गुज्जरां में पराळी जलाने खिलाफ एक रैली आयोजित की गई जिस का मुख्य उद्देश्य पराळी जलाने के जमीन की उपजाऊ शक्ति पर पड़ रहे दुरप्रभाव, वातावरण -प्रदूषण और मानवीय -सेहत पर जीव -जंतुओं पर पड़ रहे प्रभावों बारे आम पब्लिक और विद्यार्थियों को जागरूक करना था। इस रैली का उद्घाटन करते कालेज प्रिंसिपल डा. खुशविन्दर कुमार ने कहा कि पराळी जलाने का मुद्दा वातावरण, किसानी परिवारों और मानवीय सेहत के लिए एक खतरा बन चुका है और पिछले दिन इस कारण कई हादसे घट चुके हैं। उन्होंने कहा कि राज्य सरकार को तत्काल तौर पर इस मुद्दो बारे जरूरी नीतियाँ और कानूनी प्रक्रिया लागू करनी चाहिए। इस मौके पर एन.एस.एस. के प्रोगराम अफसर डा.राजीव शर्मा और प्रो. जगदीप कौर ने कैडिट और वलंटियरों को सम्बोधिन करते कहा कि एक जागरूक नागरिक की तरह यह हमारी जिम्मेदारी है कि हम इन मुद्दों बारे जागरूकता का स्तर ऊँचा उठाने के लिए यत्न करते रहें।

ਪੰਜਾਬੀ ਜਾਗਰਣ ਜਲੰਧਰ 11 ਮਈ 2022



ਮੋਦੀ ਕਾਲਜ ਤੋਂ ਰਵਾਨਾ ਹੁੰਦੀ ਜਾਗਰੂਕਤਾ ਰੈਲੀ।

# ਪਰਾਲੀ ਸਾੜਨ ਖ਼ਿਲਾਫ਼ ਖੇੜੀ ਗੁੱਜਰਾ 'ਚ ਰੈਲੀ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੇ ਐਨ.ਐਸ. ਐਸ. ਤੇ ਐਨ,ਸੀ.ਸੀ ਵਿਭਾਗਾਂ ਵੱਲੋਂ ਅੱਜ ਸਰਕਾਰੀ ਮਿਡਲ ਸਕੂਲ ਦੀ ਸਹਾਇਤਾ ਨਾਲ ਖੇੜੀ ਗੁੱਜਰਾਂ ਵਿਖੇ ਪਰਾਲੀ ਸਾੜਣ ਖਿਲਾਫ ਇੱਕ ਰੈਲੀ ਆਯੋਜਿਤ ਕੀਤੀ ਗਈ। ਜਿਸ ਦਾ ਮੁੱਖ ਉਦੇਸ਼ ਪਰਾਲੀ ਸਾੜਣ ਦੇ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਪੈ ਰਹੇ ਦੁਰਪ੍ਰਭਾਵਾਂ, ਵਾਤਾਰਰਣ-ਪ੍ਰਦੂਸ਼ਣ ਅਤੇ ਮਨੁੱਖੀ-ਸਿਹਤ ਤੇ ਜੀਵ-ਜੰਤੂਆਂ ਤੇ ਪੈ ਰਹੇ ਅਸਰਾਂ ਬਾਰੇ ਆਮ ਪਬਲਿਕ ਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ। ਇਸ ਰੈਲੀ ਦਾ ਉਦਘਾਟਨ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਜੀ ਨੇ ਕਿਹਾ ਕਿ ਪਰਾਲੀ ਸਾੜਣ ਦਾ ਮੁੱਦਾ ਵਾਤਾਵਰਣ, ਕਿਸਾਨੀ ਪਰਿਵਾਰਾਂ ਤੇ ਮਨੁੱਖੀ ਸਿਹਤ ਲਈ ਇੱਕ ਖਤਰਾ ਬਣ ਚੱਕਿਆ ਹੈ ਅਤੇ ਪਿਛਲੇ ਦਿਨੀ ਇਸ ਕਾਰਣ ਕਈ ਮੰਦਭਾਗੇ ਹਾਦਸੇ ਵਾਪਰ ਚੁੱਕੇ ਹਨ। ਉਹਨਾਂ ਨੇ ਕਿਹਾ ਕਿ ਰਾਜ ਸਰਕਾਰ ਨੂੰ ਫੋਰੀ ਤੌਰ ਤੇ ਇਸ ਮੁੱਦੇ ਬਾਰੇ ਜ਼ਰੂਰੀ ਨੀਤੀਆਂ ਤੇ ਕਾਨੂੰਨੀ ਪੇਸ਼ਬੰਦੀਆਂ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ ਐੱਨ. ਐੱਸ.ਐੱਸ. ਦੇ ਪ੍ਰੋਗਰਾਮ ਅਫਸਰ ਡਾ.ਰਾਜੀਵ ਸ਼ਰਮਾਂ ਅਤੇ ਪ੍ਰੋ. ਜਗਦੀਪ ਕੌਰ ਨੰ ਕੈਡਿਟਾਂ ਤੇ ਵਲੰਟੀਅਰਾਂ ਨੂੰ ਸੰਬੋਧਿਨ ਕਰਦਿਆਂ ਕਿਹਾ ਕਿ ਇੱਕ ਜਾਗਰੂਕ ਨਾਗਰਿਕ ਵੱਜੋਂ ਇਸ ਸਾਡੀ ਜਿੰਮੇਵਾਰੀ ਹੈ ਕਿ ਅਸੀਂ ਇਹਨਾਂ ਮੁੱਦਿਆਂ ਬਾਰੇ ਜਾਗਰੂਕਤਾ ਦਾ ਪੱਧਰ ਉੱਚਾ ਚੁੱਕਣ ਲਈ ਯਤਨ ਕਰਦੇ ਰਹੀਏ। ਰੈਲੀ ਦੇ ਸਕੂਲ ਪਹੁੰਚਣ ਤੇ ਸਕੂਲ ਇੰਚਾਰਜ ਡਾ. ਪੂਨਮ ਗੁਪਤਾ ਨੇ ਨਿੱਘਾ ਸਵਾਗਤ ਕੀਤਾ। ਇਸ ਰੈਲੀ ਵਿੱਚ ਏ.ਐਨ.ਉ. ਲੈਫਟੀਡੈਂਟ ਡਾ. ਰੋਹਿਤ ਸਚਦੇਵਾਂ ਦੀ ਰਹਿਨੁਮਾਈ ਵਿੱਚ ਐਨ.ਸੀ.ਸੀ. ਦੇ ਵਿਦਿਆਰਥੀਆਂ ਵੱਲੋਂ ਪਰਾਲੀ ਸਾੜਨ ਖਿਲਾਫ ਇੱਕ ਨਾਟਕ ਵੀ ਪੇਸ਼ ਕੀਤਾ। ਇਸ ਰੈਲੀ ਵਿੱਚ ਏ.ਐਨ.ਉ. ਲੈਫਟੀਡੈਂਟ ਡਾ. ਰੋਹਿਤ ਸਚਦੇਵਾ, ਸੀ.ਟੀ.ਉ. ਡਾ.ਸੁਮਿਤ ਕੁਮਾਰ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਰਹੇ।

ਅਜੀਤ 7
ਬੁੱਧਵਾਰ, 11 ਮਈ 2022




ਮੁਲਤਾਨੀ ਮੱਲ ਮੋਦੀ ਕਾਲਜ ਦੇ ਐਨ. ਐਸ. ਐਸ. ਤੇ ਐਨ. ਸੀ. ਸੀ. ਵਿਭਾਗਾਂ ਵਲੋਂ ਕੱਢੀ ਗਈ ਰੈਲੀ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਦੇ ਐਨ. ਐਸ. ਐਸ. ਤੇ ਐਨ. ਸੀ. ਸੀ. ਵਿਭਾਗਾਂ ਵਲੋਂ ਕਣਕ ਦਾ ਨਾੜ ਸਾੜਨ ਖ਼ਿਲਾਫ਼ ਰੈਲੀ

ਪਟਿਆਲਾ, 10 ਮਈ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਦੇ ਐਨ.ਐਸ.ਐਸ. ਤੇ ਐਨ.ਸੀ.ਸੀ ਵਿਭਾਗਾਂ ਵਲੋਂ ਅੱਜ ਸਰਕਾਰੀ ਮਿਡਲ ਸਕੂਲ ਦੀ ਸਹਾਇਤਾ ਨਾਲ ਖੇੜੀ ਗੁੱਜਰਾਂ ਵਿਖੇ ਕਣਕ ਦਾ ਨਾੜ ਸਾੜਨ ਖ਼ਿਲਾਫ਼ ਇਕ ਰੈਲੀ ਕੀਤੀ ਗਈ। ਇਸ ਰੈਲੀ ਦਾ ਉਦਘਾਟਨ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਨਾੜ ਸਾੜਨ ਦਾ ਮੁੱਦਾ ਵਾਤਾਵਰਨ, ਕਿਸਾਨੀ ਪਰਿਵਾਰਾਂ ਤੇ ਮਨੁੱਖੀ ਸਿਹਤ ਲਈ ਇੱਕ ਖ਼ਤਰਾ ਬਣ ਚੁੱਕਿਆ ਹੈ ਅਤੇ ਪਿਛਲੇ ਦਿਨੀਂ ਇਸ ਕਾਰਨ ਕਈ ਮੰਦਭਾਗੇ ਹਾਦਸੇ ਵਾਪਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਨੂੰ ਫ਼ੌਰੀ ਤੌਰ 'ਤੇ ਇਸ ਮੁੱਦੇ ਬਾਰੇ ਜ਼ਰੂਰੀ ਨੀਤੀਆਂ ਤੇ ਕਾਨੂੰਨੀ ਪੇਸ਼ਬੰਦੀਆਂ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ ਐੱਨ.ਐੱਸ.ਐੱਸ. ਦੇ ਪ੍ਰੋਗਰਾਮ ਅਫਸਰ ਡਾ. ਰਾਜੀਵ ਸ਼ਰਮਾ ਅਤੇ ਪ੍ਰੋ. ਜਗਦੀਪ ਕੌਰ ਨੇ ਕੈਡਟਾਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਜਾਗਰੂਕ ਨਾਗਰਿਕ ਵਜੋਂ ਇਸ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਹਨਾਂ ਮੁੱਦਿਆਂ ਬਾਰੇ ਜਾਗਰੂਕਤਾ ਦਾ ਪੱਧਰ ਉੱਚਾ ਚੁੱਕਣ ਲਈ ਯਤਨ ਕਰਦੇ ਰਹੀਏ। ਰੈਲੀ ਦੇ ਸਕੂਲ ਪਹੁੰਚਣ 'ਤੇ ਸਕੂਲ ਇੰਚਾਰਜ ਡਾ. ਪੂਨਮ ਗੁਪਤਾ ਨੇ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਦੀ ਅਗਵਾਈ ਵਿੱਚ ਐਨ.ਐਸ.ਐਸ. ਤੇ ਐਨ.ਸੀ.ਸੀ ਦੇ ਵਿਦਿਆਰਥੀਆਂ ਵਲੋਂ ਜੋ ਨਾੜ ਸਾੜਨ ਵਿਰੁੱਧ ਰੈਲੀ ਕੱਢ ਕੇ ਵਿਦਿਆਰਥੀਆਂ ਅਤੇ ਆਮ ਪਬਲਿਕ ਨੂੰ ਜਾਗਰੂਕ ਕਰਨ ਦਾ ਜੋ ਉਪਰਾਲਾ ਕੀਤਾ ਹੈ ਉਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਇਸ ਰੈਲੀ ਵਿਚ ਏ.ਐਨ.ਓ ਲੈਫਟੀਡੈਂਟ ਡਾ. ਰੋਹਿਤ ਸਚਦੇਵਾ ਦੀ ਰਹਿਨੁਮਾਈ ਵਿਚ ਐਨ.ਸੀ.ਸੀ. ਦੇ ਵਿਦਿਆਰਥੀਆਂ ਵਲੋਂ ਨਾੜ ਸਾੜਨ ਖਿਲਾਫ ਇਕ ਨਾਟਕ ਵੀ ਪੇਸ਼ ਕੀਤਾ। ਇਸ ਨਾਟਕ ਰਾਹੀਂ ਉਹਨਾਂ ਨੇ ਵਿਦਿਆਰਥੀਆਂ ਨੂੰ ਨਾੜ ਸਾੜਨ ਕਾਰਨ ਹੋਣ ਵਾਲੇ ਨੁਕਸਾਨ ਅਤੇ ਇਸ ਨੁਕਸਾਨ ਤੋਂ ਆਪਣੇ ਵਾਤਾਵਰਨ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ, ਬਾਰੇ ਜਾਣੂ ਕਰਵਾਇਆ। ਇਸ ਰੈਲੀ ਵਿਚ ਸੱਠ ਦੇ ਕਰੀਬ ਐੱਨ.ਐੱਸ.ਐੱਸ ਵਲੰਟੀਅਰਾਂ ਤੇ ਐਨ.ਸੀ.ਸੀ. ਕੈਡਿਟਾਂ ਨੇ ਭਾਗ ਲਿਆ। ਇਸ ਰੈਲੀ ਵਿਚ ਏ.ਐਨ.ਓ. ਲੈਫਟੀਡੈਂਟ ਡਾ. ਰੋਹਿਤ ਸਚਦੇਵਾ, ਸੀ.ਟੀ.ਓ. ਡਾ.ਸੁਮਿਤ ਕੁਮਾਰ ਅਤੇ ਸਮੂਹ ਸਕੂਲ ਸਟਾਫ ਵਿਸ਼ੇਸ਼ ਤੌਰ 'ਤੇ ਹਾਜਿਰ ਰਹੇ।

ਪਟਿਆਲਾ ਬਾਣੀ

Wednesday, 11 May 2022

# ਪਰਾਲੀ ਨਾ ਸਾੜਨ ਖਿਲਾਫ ਪਿੰਡ ਖੇੜੀ ਗੁੱਜਰਾ ਵਿਖੇ ਰੈਲੀ




ਐੱਨ. ਐੱਸ. ਐੱਸ. ਵਾਲੰਟੀਅਰਾਂ ਤੇ ਕੈਡਿਟਾਂ ਨਾਲ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ। (ਜੋਸਨ)

ਪਟਿਆਲਾ, 10 ਮਈ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਦੇ ਐੱਨ. ਐੱਸ. ਐੱਸ. ਤੇ ਐੱਨ. ਸੀ. ਸੀ. ਵਿਭਾਗਾਂ ਵੱਲੋਂ ਅੱਜ ਸਰਕਾਰੀ ਮਿਡਲ ਸਕੂਲ ਦੀ ਸਹਾਇਤਾ ਨਾਲ ਖੇੜੀ ਗੁੱਜਰਾਂ ਵਿਖੇ ਪਰਾਲੀ ਸਾੜਣ ਖਿਲਾਫ ਇਕ ਰੈਲੀ ਆਯੋਜਿਤ ਕੀਤੀ ਗਈ। ਇਸ ਦਾ ਮੁੱਖ ਉਦੇਸ਼ ਪਰਾਲੀ ਸਾੜਣ ਦੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਪੈ ਰਹੇ ਦੁਰਪ੍ਰਭਾਵਾਂ, ਵਾਤਾਰਣ-ਪ੍ਰਦੂਸ਼ਣ ਅਤੇ ਮਨੁੱਖੀ-ਸਿਹਤ ਤੇ ਜੀਵ-ਜੰਤੂਆਂ 'ਤੇ ਪੈ ਰਹੇ ਅਸਰਾਂ ਬਾਰੇ ਆਮ ਪਬਲਿਕ ਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸੀ।

ਰੈਲੀ ਦਾ ਉਦਘਾਟਨ ਕਰਦਿਆਂ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਪਰਾਲੀ ਸਾੜਣ ਦਾ ਮੁੱਦਾ ਵਾਤਾਵਰਣ, ਕਿਸਾਨੀ ਪਰਿਵਾਰਾਂ ਤੇ ਮਨੁੱਖੀ ਸਿਹਤ ਲਈ ਇਕ ਖਤਰਾ ਬਣ ਚੁੱਕਿਆ ਹੈ। ਪਿਛਲੇ ਦਿਨੀਂ ਇਸ ਕਾਰਨ ਕਈ ਮੰਦਭਾਗੇ ਹਾਦਸੇ ਵਾਪਰ ਚੁਕੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਫੌਰੀ ਤੌਰ 'ਤੇ ਇਸ ਮੁੱਦੇ ਬਾਰੇ ਜ਼ਰੂਰੀ ਨੀਤੀਆਂ ਤੇ ਕਾਨੂੰਨੀ ਪੇਸ਼ਬੰਦੀਆਂ ਕਰਨੀਆਂ ਚਾਹੀਦੀਆਂ ਹਨ।

ਇਸ ਮੌਕੇ ਐੱਨ. ਐੱਸ. ਐੱਸ. ਦੇ ਪ੍ਰੋਗਰਾਮ ਅਫਸਰ ਡਾ. ਰਾਜੀਵ ਸ਼ਰਮਾ ਅਤੇ ਪ੍ਰੋ. ਜਗਦੀਪ ਕੌਰ ਨੇ ਕੈਡਿਟਾਂ ਤੇ ਵਾਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕ ਜਾਗਰੂਕ ਨਾਗਰਿਕ ਵਜੋਂ ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਨਾਂ ਮੁੱਦਿਆਂ ਬਾਰੇ ਜਾਗਰੂਕਤਾ ਦਾ ਪੱਧਰ ਉੱਚਾ ਚੁੱਕਣ ਲਈ ਯਤਨ ਕਰਦੇ ਰਹੀਏ। ਰੈਲੀ ਦੇ ਸਕੂਲ ਪਹੁੰਚਣ 'ਤੇ ਇੰਚਾਰਜ ਡਾ. ਪੂਨਮ ਗੁਪਤਾ ਨੇ ਨਿੱਘਾ ਸਵਾਗਤ ਕੀਤਾ। ਇਸ ਰੈਲੀ 'ਚ 60 ਦੇ ਕਰੀਬ ਐੱਨ. ਐੱਸ. ਐੱਸ. ਵਾਲੰਟੀਅਰਾਂ ਤੇ ਐੱਨ. ਸੀ. ਸੀ. ਕੈਡਿਟਾਂ ਨੇ ਭਾਗ ਲਿਆ।